Punjabi

# ਬੀ ਸੀ ਦੀ ਮੈਮੋਰੀਅਲ ਸੁਸਾਇਟੀ ਵਿਖੇ ਜੀ ਆਇਆਂ ਨੂੰ

ਬ੍ਰਿਟਿਸ਼ ਕੋਲੰਬੀਆ ਦੀ ਮੈਮੋਰੀਅਲ ਸੁਸਾਇਟੀ (ਐੱਮ ਐੱਸ ਬੀ ਸੀ) ਇਕ ਭਰੋਸੇਯੋਗ ਨੌਨ-ਪ੍ਰੌਫਿਟ (ਗੈਰ-ਮੁਨਾਫੇਦਾਰ) ਸੁਸਾਇਟੀ ਹੈ, ਜੋ 1956 ਵਿੱਚ ਸਥਾਪਤ ਕੀਤੀ ਗਈ ਸੀ। ਅਸੀਂ 70 ਸਾਲਾਂ ਤੋਂ ਲੋਕਾਂ ਦੀ ਸਸਤੇ, ਸਾਦੇ ਅਤੇ ਸਨਮਾਨਜਨਕ ਅੰਤਿਮ ਸੰਸਕਾਰਾਂ ਦੀ ਯੋਜਨਾ ਬਣਾਉਣ ਅਤੇ ਉਹਨਾਂ ਤੱਕ ਪਹੁੰਚ ਪ੍ਰਾਪਤ ਕਰਨ ਵਿੱਚ ਮਦਦ ਕਰਦੇ ਆ ਰਹੇ ਹਾਂ।

ਐੱਮ ਐੱਸ ਬੀ ਸੀ ਸੂਬੇ ਭਰ ਵਿੱਚ ਭਰੋਸੇਯੋਗ, ਬੀ ਸੀ ਦੀ ਮਾਲਕੀ ਵਾਲੇ ਫਿਊਨਰਲ ਹੋਮਾਂ ਨਾਲ ਭਾਈਵਾਲੀ ਕਰਦੀ ਹੈ। ਜਦੋਂ ਤੁਸੀ ਐੱਮ ਐੱਸ ਬੀ ਸੀ ਵਿੱਚ ਸ਼ਾਮਲ ਹੁੰਦੇ ਹੋ, ਤਾਂ ਤੁਹਾਨੂੰ ਘੱਟ ਲਾਗਤ ਵਾਲੀਆਂ ਫਿਊਨਰਲ ਸੇਵਾਵਾਂ ਲੈਣ ਅਤੇ ਆਪਣੀਆਂ ਇੱਛਾਵਾਂ ਨੂੰ ਰਿਕਾਰਡ ਕਰਨ ਵਿੱਚ ਮਦਦ ਮਿਲਦੀ ਹੈ।

### ਕਿਉਂ ਸ਼ਾਮਲ ਹੋਈਏ?

- ਪੈਸੇ ਬਚਾਉ: ਐੱਮ ਐੱਸ ਬੀ ਸੀ ਦੇ ਮੈਂਬਰ ਫਿਊਨਰਲ ਦੀਆਂ ਲਾਗਤਾਂ 'ਤੇ 10-15% ਬਚਤ ਕਰਦੇ ਹਨ।
- ਆਪਣੀਆਂ ਅੰਤਿਮ ਇੱਛਾਵਾਂ ਰਿਕਾਰਡ ਕਰੋ: ਇਹ ਤੁਹਾਨੂੰ ਮਨ ਦੀ ਸ਼ਾਂਤੀ ਦਿੰਦਾ ਹੈ ਅਤੇ ਤੁਹਾਡੇ ਪਰਿਵਾਰ ਅਤੇ ਦੋਸਤਾਂ ਲਈ ਤਣਾਅ ਘਟਾਉਂਦਾ ਹੈ।
- ਸਹਾਇਤਾ ਅਤੇ ਵਸੀਲੇ: ਦਿਆਲੂ ਅਤੇ ਗਿਆਨਵਾਨ ਸਟਾਫ਼ ਤੁਹਾਡੀ ਅਤੇ ਤੁਹਾਡੇ ਪਿਆਰੇ ਵਿਅਕਤੀ ਦੀ ਮਦਦ ਲਈ।
- ਇੱਕ ਵਾਰ ਦੀ ਫੀਸ: ਜੀਵਨ ਭਰ ਦੀ ਮੈਂਬਰਸ਼ਿਪ ਲਈ ਸਿਰਫ਼ $50 ਪ੍ਰਤੀ ਵਿਅਕਤੀ।

### ਕਿਵੇਂ ਸ਼ਾਮਲ ਹੋਈਏ?

ਤੁਸੀਂ ਦੋ ਤਰੀਕਿਆਂ ਨਾਲ ਸ਼ਾਮਲ ਹੋ ਸਕਦੇ ਹੋ:

1. **ਔਨਲਾਈਨ** – ਸਾਡੀ ਵੈੱਬਸਾਈਟ www.memsoc.org 'ਤੇ ਜਾਉ ਅਤੇ 'Join Now ਅਧੀਨ ਮੈਂਬਰਸ਼ਿਪ ਫਾਰਮ ਭਰੋ।
2. **ਫੋਨ ਰਾਹੀਂ** – ਸਾਡੇ ਦਫ਼ਤਰ ਨੂੰ 1-888-816-5902 ਜਾਂ 604 733-7705 'ਤੇ ਰੈਗੂਲਰ ਕਾਰੋਬਾਰੀ ਸਮੇਂ ਦੌਰਾਨ ਕਾਲ ਕਰੋ, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ, ਅਤੇ ਕੋਈ ਵਿਅਕਤੀ ਤੁਹਾਡੀ ਮਦਦ ਕਰੇਗਾ।

ਤੁਹਾਡੇ ਵਲੋਂ ਸ਼ਾਮਲ ਹੋ ਜਾਣ ਤੋਂ ਬਾਅਦ, ਤੁਹਾਨੂੰ ਮੈਂਬਰਸ਼ਿਪ ਪੈਕੇਜ ਈਮੇਲ (ਜਾਂ ਮੇਲ) ਰਾਹੀਂ ਮਿਲ ਜਾਵੇਗਾ।

ਕਿਰਪਾ ਕਰਕੇ ਨੋਟ ਕਰੋ:

- ਐੱਮ ਐੱਸ ਬੀ ਸੀ ਦੀ ਮੈਂਬਰਸ਼ਿਪ ਫਿਊਨਰਲ ਦਾ ਪ੍ਰੀ-ਪੇਡ ਕੰਟਰੈਕਟ ਨਹੀਂ ਹੈ, ਪਰ ਇਹ ਸਾਡੇ ਫਿਊਨਰਲ ਪ੍ਰਦਾਨ ਕਰਨ ਵਾਲੇ ਭਾਈਵਾਲਾਂ ਰਾਹੀਂ ਡਿਸਕਾਊਂਟ ਕੀਮਤਾਂ ਤੱਕ ਪਹੁੰਚ ਪ੍ਰਦਾਨ ਕਰਦੀ ਹੈ।
- ਯਾਦ ਰੱਖੋ ਕਿ ਆਪਣੇ ਐਗਜ਼ੈਕਟਰ ਅਤੇ ਪਰਿਵਾਰ ਨੂੰ ਦੱਸੋ ਕਿ ਤੁਸੀਂ ਐੱਮ ਐੱਸ ਬੀ ਸੀ ਦੇ ਮੈਂਬਰ ਹੋ ਤਾਂ ਜੋ ਤੁਹਾਡੀ ਮੌਤ 'ਤੇ ਘੱਟ ਕੀਮਤ ਨੂੰ ਯਕੀਨੀ ਬਣਾਇਆ ਜਾ ਸਕੇ।

ਜੇ ਤੁਹਾਡਾ ਕੋਈ ਸਵਾਲ ਹੋਵੇ, ਤਾਂ ਉੱਪਰ ਦਿੱਤੇ ਨੰਬਰਾਂ`ਤੇ ਫੋਨ ਕਰੋ ਜਾਂ info@memsoc.org`ਤੇ ਈਮੇਲ ਕਰੋ।

*ਮੈਮੋਰੀਅਲ ਸੁਸਾਇਟੀ ਬੀ ਸੀ ਦੇ ਵੰਨ-ਸੁਵੰਨੇ ਸਭਿਆਚਾਰਾਂ ਦੀ ਸੇਵਾ ਕਰਨ ਲਈ ਵਚਨਬੱਧ ਹੈ। ਪਰ ਇਸ ਸਮੇਂ ਅਸੀਂ ਕਾਰੋਬਾਰ 'ਤੇ ਅੰਗਰੇਜ਼ੀ ਵਿੱਚ ਗੱਲਬਾਤ ਕਰਦੇ ਹਾਂ। ਜੇ ਤੁਹਾਨੂੰ ਅੰਗਰੇਜ਼ੀ ਬੋਲਣ ਵਿੱਚ ਮਦਦ ਦੀ ਲੋੜ ਹੋਵੇ ਤਾਂ ਮਦਦ ਲਈ ਕਿਸੇ ਪਰਿਵਾਰ ਦੇ ਮੈਂਬਰ ਜਾਂ ਦੋਸਤ ਨੂੰ ਪੁੱਛੋ।*